# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162




## 'ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼' ਵੱਲੋਂ ਚੌਥੀ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 20 – 21 ਸਤੰਬਰ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

GURU NANAK INSTITUTE OF GLOBAL STUDIES

ਸਰੀ, 19 ਸਤੰਬਰ : ਖੋਜ, ਵਿਦਿਆ ਅਤੇ ਸੇਵਾ ਰਾਹੀਂ ਸੱਭਿਆਚਾਰਕ ਵਖਰੇਵੇਂ ਦੇ ਨਾਲ ਨਾਲ ਸਿੱਖੀ ਦੀ ਸਹਿ-ਹੋਂਦ ਨੂੰ ਪ੍ਰਫੁੱਲਤ ਕਰਨ ਅਤੇ ਵਿਸ਼ਵ ਦੀਆਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਦੇ ਮੁਕਾਬਲਤਨ ਯੂਨੀਵਰਸਿਟੀ ਬਣਾਉਣ ਦੇ ਉਦੇਸ਼ ਪ੍ਰਤੀ ਕਾਰਜਸ਼ੀਲ ਸੰਸਥਾ 'ਗੁਰੂ ਨਾਨਕ ਇੰਸਟੀਟਿਊਟ ਆਫ ਗਲੋਬਲ ਸਟੱਡੀਜ਼' ਵੱਲੋਂ ਆਪਣੀ ਚੌਥੀ ਸਾਲਾਨਾ 'ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ' 20 ਅਤੇ 21 ਸਤੰਬਰ 2025 ਨੂੰ ਸਰੀ ਸਿਟੀ ਹਾਲ ਵਿਖੇ ਕਰਵਾਈ ਜਾ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਪ੍ਰਧਾਨ ਅਤੇ ਸੀਈਓ ਗਿਆਨ ਸਿੰਘ ਸੰਧੂ ਨੇ ਦੱਸਿਆ ਹੈ ਕਿ ਇਸ ਦੋ ਦਿਨਾਂ ਕਾਨਫਰੰਸ ਵਿੱਚ ਇਤਿਹਾਸ ਵਿੱਚ ਸਿੱਖ ਅਧਿਕਾਰ ਅਤੇ ਜ਼ਿੰਮੇਵਾਰੀਆਂ, ਸਿੱਖੀ ਵਿੱਚ ਔਰਤਾਂ ਅਤੇ ਲਿੰਗ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਦੇ ਯੁੱਗ ਵਿੱਚ ਇੱਕ ਯੂਨੀਵਰਸਿਟੀ ਦਾ ਵਿਕਾਸ, (ਏ.ਆਈ) ਦੇ ਯੁੱਗ ਵਿੱਚ ਸਿੱਖੀ ਅਤੇ (ਏ.ਆਈ) ਤੇ ਵਿਅਕਤੀਗਤ ਸਿੱਖਿਆ, ਤਕਨਾਲੋਜੀ ਤੇ ਅਧਿਆਤਮਿਕਤਾ, ਮਾਨਸਿਕ ਸਿਹਤ ਅਤੇ ਸੰਬੰਧਿਤ ਵੱਖ ਵੱਖ ਵਿਸ਼ਿਆਂ ਉੱਪਰ ਵੱਖ ਵੱਖ ਯੂਨੀਵਰਸਿਟੀਆਂ ਦੇ ਨਾਮਵਰ ਵਿਦਵਾਨ ਅਤੇ ਵੱਖ ਵੱਖ ਖੇਤਰਾਂ ਦੇ ਮਾਹਿਰ ਆਪਣੇ ਖੋਜ ਭਰਪੂਰ ਪਰਚੇ ਅਤੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਇਹ ਦੋ-ਰੋਜ਼ਾ ਕਾਨਫਰੰਸ ਵਿਦਵਾਨਾਂ, ਖੋਜਕਰਤਾਵਾਂ, ਭਾਈਚਾਰਕ ਆਗੂਆਂ ਅਤੇ ਵਿਦਿਆਰਥੀਆਂ ਨੂੰ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਹੋਣ ਅਤੇ ਸਿੱਖ ਅਧਿਐਨ, ਸੱਭਿਆਚਾਰ, ਇਤਿਹਾਸ ਅਤੇ ਹੋਰ ਮਹੱਤਵਪੂਰਨ ਖੋਜ ਪੇਸ਼ ਕਰਨ ਲਈ ਇਕ ਪਲੇਟਫਾਰਮ ਪ੍ਰਦਾਨ ਕਰੇਗੀ। ਉਨ੍ਹਾਂ ਸਮੂਹ ਭਾਈਚਾਰੇ ਨੂੰ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

## ਫਰੈਂਡਜ ਸਹਿਯੋਗ ਸੇਵਾ ਸੋਸਾਇਟੀ ਨੇ ਸੰਗਰਾਂਦ ਮੌਕੇ ਗਊਆਂ ਲਈ ਕੀਤੀ ਸਵਾਮਣੀ ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ 19 ਸਤੰਬਰ : ਫਰੈਡਜ਼ ਸਹਿਯੋਗ ਸੇਵਾ ਸੁਸਾਇਟੀ ਦੇ ਸੇਵਾਦਾਰਾਂ ਇੰਜੀ ਵਜਿੰਦਰ ਵਿਨਾਇਕ, ਰਮੇਸ਼ ਕੁਮਾਰ ਗੇਰਾ, ਗੌਤਮ ਬਾਂਸਲ ,ਦਰਸ਼ਨ ਲਾਲ ਚੁੱਘ, ਸੰਜੀਵ ਕੁਮਾਰ ਮੌਂਗਾ( ਟਿੰਕੂ) ਤਰਸੇਮ ਕਟਾਰੀਆ, ਸੁਧੀਰ ਛਾਬੜਾ, ਯੋਗੇਸ਼ ਸੁਖੀਜਾ, ਕੀਮਤੀ ਲਾਲ ਖੰਨਾ, ਗੋਪਾਲ ਅਗਰਵਾਲ, ਰੋਸ਼ਨ ਲਾਲ ,ਸੰਜੀਵ ਮਿੱਤਲ ,ਅਜੈ ਬਾਂਸਲ ਅਤੇ ਅਸ਼ੋਕ ਬਾਂਸਲ ਨੇ ਰਲ ਕੇ ਅੱਜ ਸੰਗਰਾਂਦ ਦੇ ਮੌਕੇ ਤੇ ਗਊਸ਼ਾਲਾ ਅਨੰਦਿਆਣਾ ਗੇਟ ਵਿਖੇ ਗਊਆ ਦੀ ਸੇਵਾ ਲਈ ਸਵਾਮਨੀ ਅਤੇ ਹਰੇ ਪੱਠਿਆਂ ਦੀ ਸੇਵਾ ਦਾ ਆਯੋਜਨ ਕੀਤਾ।




ਇਸ ਮੌਕੇ ਦੇ ਗਊਸ਼ਾਲਾ ਪੰਡਿਤ ਸ਼ੈਲਿੰਦਰ ਨੇ ਵਿਧੀ ਪੂਰਵਕ। ਸਵਾਮਨੀ ਦੀ ਸੇਵਾ ਦੀ ਪੂਜਾ ਕਰਵਾਈ ਅਤੇ ਦੱਸਿਆ ਕਿ ਗਊਆਂ ਦੇ ਲਈ ਸੇਵਾ ਕਰਨ ਨਾਲ ਘਰ ਪਰਿਵਾਰ ਵਿੱਚ ਖੁਸ਼ਹਾਲੀ ਅਤੇ ਆਪਸੀ ਪਿਆਰ ਵੱਧਦਾ ਹੈ।

ਸਭ ਮੈਂਬਰਾਂ ਨੇ ਗਊ ਮਾਤਾ ਜੀ ਦੀ ਫੋਟੋ ਅਤੇ ਬਾਂਕੇ ਬਿਹਾਰੀ ਕ੍ਰਿਸ਼ਨ ਜੀ ਦੀ ਫੋਟੋ ਨੂੰ ਨਤ ਮਸਤਕ ਹੋ ਕੇ , ਗਊਆਂ ਨੂੰ ਹਰੇ ਪੱਠੇ ਪਾਉਣ ਅਤੇ ਸਵਾਮਣੀ ਪਾਉਣ ਦੀ ਸ਼ੁਰੂਆਤ ਕੀਤੀ।


ਫਰੈਡਜ਼ ਸਹਿਯੋਗ ਸੇਵਾ ਸੁਸਾਇਟੀ ਦੇ ਪ੍ਰੋਜੈਕਟ ਚੇਅਰਮੈਨ ਰਮੇਸ਼ ਕੁਮਾਰ ਗੇਰਾ ਅਤੇ ਸੇਵਾਦਾਰ ਇੰਜੀ ਵਿਜਿੰਦਰ ਵਨਾਇਕ ਨੇ ਦੱਸਿਆ ਕਿ ਇਸ ਸੋਸਾਇਟੀ ਵੱਲੋਂ ਹਰ ਮਹੀਨੇ ਪੈਸੇ ਇਕੱਠੇ ਕਰਕੇ ਕੋਈ ਨਾ ਕੋਈ ਸੇਵਾ ਦਾ ਕੰਮ ਕੀਤਾ ਜਾਂਦਾ ਹੈ।

ਗਊਸ਼ਾਲਾ ਪ੍ਰਬੰਧਕ ਯੋਗੇਸ਼ ਗਰਗ ਨੇ ਆਏ ਹੋਏ ਸਭ ਮੈਂਬਰਾਂ ਨੂੰ ਜੀ ਆਇਆ ਕਹਿੰਦਿਆਂ ਹੋਇਆ ਧੰਨਵਾਦ ਵੀ ਕੀਤਾ।

ਇਸ ਮੌਕੇ ਤੇ ਪ੍ਰੋਜੈਕਟ ਚੇਅਰਮੈਨ ਰਮੇਸ਼ ਕੁਮਾਰ ਗੇਰਾ ਦਰਸ਼ਨ ਲਾਲ ਚੁੱਘ ,ਅਤੇ ਸੇਵਾਦਾਰ ਵਿਜਿੰਦਰ ਵਿਨਾਇਕ, ਸੰਜੀਵ ਕੁਮਾਰ ਮੌਂਗਾ, ਸੁਧੀਰ ਛਾਬੜਾ, ਤਰਸੇਮ ਕਟਾਰੀਆ, ਗੌਤਮ ਬਾਂਸਲ, ਸੁਰਜੀਤ ਧਵਨ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗਊ ਪ੍ਰੇਮੀ ਹਾਜ਼ਰ ਸਨ।

## ਰਾਸ਼ਟਰੀ ਕਾਵਿ ਸਾਗਰ ਨੇ ਅਧਿਆਪਕ ਦਿਵਸ ਅਤੇ ਹਿੰਦੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ..

ਵਰਲਡ ਪੰਜਾਬੀ ਟਾਈਮਜ਼






ਚੰਡੀਗੜ੍ਹ 19 ਸਤੰਬਰ : ਰਾਸ਼ਟਰੀ ਕਾਵਿ ਸਾਗਰ ਨੇ 13 ਤਾਰੀਖ ਨੂੰ ਇਕ ਕਵੀ ਦਰਬਾਰ ਕਰਵਾਇਆ।ਜਿਸ ਵਿਚ ਦੇਸ਼ ਵਿਦੇਸ਼ੋਂ ਤੋਂ 20 ਤੋਂ ਜਿਆਦਾ ਕਵੀਆਂ ਨੇ ਭਾਗ ਲਿਆ। ਇਹ ਕਵੀ ਦਰਬਾਰ ਅਧਿਆਪਕ ਦਿਵਸ ਤੇ ਹਿੰਦੀ ਦਿਵਸ ਨੂੰ ਸਮਰਪਿਤ ਸੀ । ਸਭਾ ਦੀ ਪ੍ਰਧਾਨ ਸ਼੍ਰੀ ਮਤੀ ਆਸ਼ਾ ਨੇ ਹਿੰਦੀ ਦੀ ਅਹਿਮੀਅਤ ਬਾਰੇ ਚਾਨਣਾ ਪਾਇਆ। ਰਾਸ਼ਟਰੀ ਭਾਸ਼ਾ ਹਿੰਦੀ ਦੇ ਪ੍ਰਯੋਗ ਤੇ ਜ਼ੋਰ ਦਿੱਤਾ। ਉਹਨਾਂ ਨੇ ਇਹ ਵੀ ਦਸਿਆ ਕਿ ਰਾਸ਼ਟਰੀ ਕਾਵਿ ਸਾਗਰ ਦੀ ਟੀਮ ਵੱਲੋਂ ਕਈ ਹੋਰ ਸਮਾਜ ਸੇਵੀ ਸੰਸਥਾਵਾਂ ਨਾਲ ਰਲ ਕੇ , ਕਈ ਪਿੰਡਾਂ ਵਿਚ ਜਾ ਕੇ, ਉਥੇ ਦੇ ਲੋਕਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਗਈ ,ਜਿਸ ਵਿਚ ਦਵਾਈਆਂ, ਰਾਸ਼ਨ ਤੇ ਪਾਣੀ ਦੀਆਂ ਬੋਤਲਾਂ ਵੰਡੀਆਂ ਗਈਆਂ..
ਡਾ.ਉਮਾ ਨੇ ਬਾਖੂਬੀ ਮੰਚ ਸੰਚਾਲਣ ਕੀਤਾ। ਇਸ ਅਜੋਕੇ ਵਕਤ ਵਿਚ ਪੰਜਾਬੀਆਂ ਨੇ ਇਕ ਦੂਜੇ ਨਾਲ ਖੜ੍ਹੇ ਹੋ ਕੇ ਸਾਬਿਤ ਕਰ ਦਿੱਤਾ ਕਿ ਪੰਜਾਬੀਆਂ ਦੇ ਦੁੱਖ ਦਰਦ ਸਾਂਝੇ ਹਨ।

ਇਸ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਕਵੀ ਸਨ ਆਸ਼ਾ ਸ਼ਰਮਾ ,ਡਾ.ਉਮਾ ਸ਼ਰਮਾ ,ਜਾਗ੍ਰਿਤੀ ਗੌੜ, ਡਾ.ਵੀਨਾ ਮਸੌਣ,ਇੰਦੂ ਪੌਲ , ਕਨੀਜ਼ ਮਨਜ਼ੂਰ, ਵੱਤਨਵੀਰ, ,ਸੁਸ਼ੀਲ ਕੁਮਾਰ , ਭਾਰਤ ਭੂਸ਼ਣ ,ਵਿਜੈ ਸ਼ਾਰਦਾ, ਜਗਦੀਸ਼ ਕੌਰ ,ਪਰਕਾਸ਼ ਕੌਰ,ਸੁਖਦੇਵ ਸਿੰਘ , ਡਾ.ਸੁਦੇਸ਼ ਚੁਗ, ਪਰਮਜੀਤ ਜੈਸਵਾਲ, ਸੀਮਾ ਸ਼ਰਮਾ , ਪੋਲੀ ਬਰਾੜ ਅਤੇ ਰੀਟਾ ਰਾਜਵੰਸ਼ ਨੇ ਭਾਗ ਲਿਆ। ਸਾਰੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਸਭ ਨੂੰ ਭਾਵੁਕ ਕਰ ਦਿੱਤਾ ਤੇ ਉਜੜੇ ਪੰਜਾਬ ਦਾ ਨਕਸ਼ਾ ਖਿੱਚ ਦਿੱਤਾ।

ਪ੍ਰੋਗਰਾਮ ਦੇ ਆਖੀਰ ਵਿਚ ਡਾ. ਉਮਾ ਤੇ ਆਸ਼ਾ ਨੇ ਸਭ ਦਾ ਧੰਨਵਾਦ ਕੀਤਾ ਅਤੇ ਇਸ ਜ਼ਰੂਰਤ ਦੀ ਘੜੀ ਵਿੱਚ ਸਾਰਿਆਂ ਨੂੰ ਪੰਜਾਬ ਨਾਲ ਇੱਕਜੁੱਟ ਹੋ ਕੇ ਮਦਦ ਕਰਨ ਲਈ ਬੇਨਤੀ ਕੀਤੀ। ਪ੍ਰੋਗਰਾਮ ਬਹੁਤ ਹੀ ਕਾਮਯਾਬ ਹੋ ਨਿਬੜਿਆ।

## " ਅਧਿਆਪਕ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ( ਕਾਵਿ ਮਿਲਣੀ ) ਵੈਬੀਨਾਰ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੈਂਪਟਨ 19 ਸਤੰਬਰ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋਂ 14 ਸਤੰਬਰ ਐਤਵਾਰ ਨੂੰ ਅਧਿਆਪਕ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ । ਇਸ ਕਾਵਿ ਮਿਲਣੀ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਕਵੀਆਂ ਅਤੇ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ । ਇਸ ਕਾਵਿ ਮਿਲਣੀ ਦੀ ਹੋਸਟ ਬਹੁਤ ਪਿਆਰੀ ਦੋਸਤ , ਨਾਮਵਰ ਅਦਾਕਾਰਾ , ਸ਼ਾਇਰਾ ਤੇ ਹੋਸਟ ਕੁਲਦੀਪ ਜੀ ਸਨ ਜਿਹਨਾਂ ਦੀ ਹੋਸਟਿੰਗ ਬਹੁਤ ਹੀ ਕਾਬਿਲੇ ਸੀ । ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਿਹਾ ਤੇ । ਸਰਪ੍ਰਸਤ ਸੁਰਜੀਤ ਕੌਰ ਜੀ ਨੂੰ ਸੱਭ ਮੈਂਬਰਜ਼ ਦਾ ਸਵਾਗਤ ਕਰਨ ਅਤੇ ਅਧਿਆਪਕ ਦਿਵਸ ਤੇ ਆਪਣੇ ਵਿਚਾਰ ਸਾਂਝੇ ਕਰਨ ਲਈ ਕਿਹਾ । ਸੁਰਜੀਤ ਜੀ ਨੇ ਸੱਭ ਨੂੰ ਜੀ ਆਇਆਂ ਕਿਹਾ ਤੇ ਫਿਰ ਚੀਫ਼ ਐਡਵਾਈਜ਼ਰ ਡਾ . ਨਵਜੋਤ ਕੌਰ ਨੂੰ ਨੇ ਵੈਬੀਨਾਰ ਵਿੱਚ ਹਾਜ਼ਰੀਨ ਮੈਂਬਰਜ਼ ਨੂੰ ਜੀ ਆਇਆਂ ਕਿਹਾ ਤੇ ਅਧਿਆਪਕ ਦਿਵਸ ਤੇ ਆਪਣੇ ਵਿਚਾਰ ਪੇਸ਼ ਕੀਤੇ । ਡਾ . ਨਵਜੋਤ ਜੀ ਨੇ ਇਹ ਕਿਹਾ ਕਿ ਅਧਿਆਪਕ ਹੋਣਾ ਆਪਣੇ ਅਪ ਵਿਚ ਬਹੁਤ ਖ਼ੂਬਸੂਰਤ ਅਹਿਸਾਸ ਹੈ ਜਿਸਤੇ 100 ਜਨਮ ਵੀ ਕੁਰਬਾਨ ਕੀਤੇ ਜਾ ਸਕਦੇ ਹਨ । ਉਹਨਾਂ ਦੱਸਿਆ ਕਿ ਜ਼ਿੰਦਗੀ ਵਿੱਚ ਜਿਹਨਾਂ ਤੋਂ ਵੀ ਸਬਕ ਸਿੱਖਦੇ ਹਾਂ ਉਹ ਸਾਰੇ ਸਾਡੇ ਗੁਰੂ ਹੁੰਦੇ ਹਨ। ਪ੍ਰਧਾਨ ਰਿੰਟੂ ਭਾਟੀਆ ਨੇ ਮੀਟਿੰਗ ਵਿੱਚ ਹਾਜ਼ਰੀਨ ਇੱਕ ਇਕ ਮੈਂਬਰਜ਼ ਦਾ ਨਾਮ ਲੈ ਕੇ ਸਵਾਗਤ ਕੀਤਾ । ਫਿਰ ਰਮਿੰਦਰ ਰੰਮੀ ਨੇ ਕੁਲਦੀਪ ਜੀ ਨੂੰ ਪ੍ਰੋਗਰਾਮ ਦਾ ਸੰਚਾਲਨ ਕਰਨ ਲਈ ਕਿਹਾ ਗਿਆ । ਚੀਫ਼ ਪੈਟਰਨ ਡਾ . ਦਲਬੀਰ ਸਿੰਘ ਕਥੂਰੀਆ ਜੀ ਜੋਕਿ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਵੀ ਹਨ ਸੱਭ ਤੋਂ ਪਹਿਲਾਂ ਸਭਾ ਵਿਲੋਂ ਸੰਸਥਾ ਦੇ ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਤੇ ਸਰਪ੍ਰਸਤ ਸੁਰਜੀਤ ਕੌਰ ਦੇ ਬੇਟੇ ਫ਼ਤਿਹਜੀਤ ਸਿੰਘ ਦੇ ਵਿਆਹ ਦੀ ਮੁਬਾਰਕ ਦਿੱਤੀ ਤੇ ਦੱਸਿਆ ਕਿ ਉਹ ਵੀ ਅਮਰੀਕਾ ਇਹ ਵਿਆਹ ਅਟੈਂਡ ਕਰਕੇ ਆਏ ਹਨ ਜੋ ਬਹੁਤ ਗੁਰ ਮਰਿਆਦਾ ਅਨੁਸਾਰ ਬਹੁਤ ਸ਼ਾਨਦਾਰ ਹੋਇਆ ਹੈ ਜਿੱਥੇ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਵੀ ਉਸ ਸ਼ਾਦੀ ਵਿੱਚ ਸ਼ਿਰਕਤ ਕੀਤੀ । ਰਮਿੰਦਰ ਰੰਮੀ ਜੋ ਉਪਰਾਲੇ ਤੇ ਕੰਮ ਕਰ ਰਹੀ ਹੈ ਉਸਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਸਲ ਮਾਂ ਬੋਲੀ ਦੀ ਧੀ ਹੈ ਜੋ ਐਨੀ ਮਿਹਨਤ ਕਰ ਰਹੀ ਹੈ ਤੇ ਸੱਭ ਨੂੰ ਜੋੜ ਕੇ ਵੀ ਰੱਖਿਆ ਹੋਇਆ ਹੈ । ਕੁਲਦੀਪ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ 5 ਸਾਲ ਤੋਂ ਲਗਾਤਾਰ ਹੋ ਰਹੇ ਪ੍ਰੋਗਰਾਮਾਂ ਦੀ ਸੰਖੇਪ ਵਿੱਚ ਜਾਣਕਾਰੀ ਦਿੱਤੀ ।ਉਹਨਾਂ ਨੇ ਹਾਜ਼ਰੀਨ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਬਾਰੇ ਦੱਸਿਆ ਕਿ ਅੱਜ ਦੇ ਵੈਬੀਨਾਰ ਦੇ ਮੁੱਖ ਮਹਿਮਾਨ :- ਪ੍ਰੋ. ਤਲਵਿੰਦਰ ਮੰਡ , ਸਰਵਤ ਮੁਹੀਯੁੱਦੀਨ , ਡਾ . ਜਗਦੀਪ ਸਿੰਘ ਤੇ ਬਾਕੀ ਸਾਰੇ ਹੀ ਵਿਸ਼ੇਸ਼ ਮਹਿਮਾਨ ਸਨ ਜਿਹਨਾਂ ਵਿੱਚ :-ਹਰਸਿਮਰਤ ਕੌਰ ਐਡਵੋਕੇਟ , ਰੀਵਾ ਦਰਿਆ , ਸੁਰਿੰਦਰਪ੍ਰੀਤ ਘਣੀਆ , ਮਹਿੰਦਰ ਸਿੰਘ ਜੱਗੀ , ਅੰਜੂ ਵੀ ਰੱਤੀ ,ਸਿਮਰਤ ਗਗਨ , ਡਾ. ਹਰਪ੍ਰੀਤ ਕੌਰ , ਡਾ. ਹਰਪ੍ਰੀਤ ਸਿੰਘ ਰਾਣਾ , ਰੂਪ ਸਾਗਰ ,ਵਿੰਦਰ ਮਾਝੀ , ਸਤਵਿੰਦਰ ਕੌਰ , ਜੈਲੀ ਗੇਰਾ ਸਨ । ਆਖੀਰ ਵਿਚ ਪਰਾਈਮ ਏਸ਼ੀਆ ਦੇ ਨੈਮਵਰ ਜਰਨਲਿਸਟ ਜਸਵਿੰਦਰ ਬਿੱਟਾ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਫਿਰ ਪਾਕਿਸਤਾਨ ਤੋਂ ਆਏ ਸੂਫ਼ੀ ਕਵੀ ਹੁਸਨੈਨ ਅਕਬਰ ਜੀ ਨੇ ਦੋ ਗੀਤ ਆਪਣੀ ਦਮਦਾਰ ਸੁਰੀਲੀ ਅਵਾਜ਼ ਵਿੱਚ ਪੇਸ਼ ਕੀਤੇ ਜਿਹਨਾਂ ਵਿਚ ਉਹਨਾਂ ਦੀ ਮਸ਼ਹੂਰੀ ਹੀਰ ਵੀ ਸੀ ।
ਹਮੇਸ਼ਾਂ ਵਾਂਗ ਇਸ ਕਾਵਿ ਮਿਲਣੀ ਵਿੱਚ ਵੀ ਬਹੁਤ ਸਾਰੇ ਨਵੇਂ ਸ਼ਾਇਰ ਪਹਿਲੀ ਵਾਰ ਆਏ ਸਨ । ਸੱਭ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨੂੰ ਬਹੁਤ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ । ਕੁਝ ਕਵਿਤਾਵਾਂ ਅਧਿਆਪਕ ਦਿਵਸ ਨਾਲ ਸੰਬੰਧਿਤ ਸਨ ਤੇ ਕੁਝ ਅਲੱਗ ਵਿਸ਼ੇ ਤੇ ਸਨ ।
ਚੇਅਰਮੈਨ ਸ. ਪਿਆਰਾ ਸਿੰਘ ਕੁੱਦੋਵਾਲ ਨੇ ਸਾਰੇ ਪ੍ਰੋਗਰਾਮ ਨੂੰ ਹਮੇਸ਼ਾਂ ਵਾਂਗ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਅਤੇ ਭਾਵਪੂਰਤ ਸ਼ਬਦਾਂ ਵਿੱਚ ਸਮਅੱਪ ਕੀਤਾ , ਤੇ ਸਾਰੇ ਸ਼ਾਇਰਾਂ ਦੀਆਂ ਰਚਨਾਵਾਂ ਦੀ ਉਹਨਾਂ ਨੇ ਬਹੁਤ ਸਰਾਹੁਣਾ ਕੀਤੀ ।
ਸ .ਪਿਆਰਾ ਸਿੰਘ ਕੁੱਦੋਵਾਲ ਆਪਣੇ ਵਿਲੱਖਣ ਅੰਦਾਜ਼ ਤੇ ਦਮਦਾਰ ਅਵਾਜ਼ ਵਿੱਚ ਪ੍ਰੋਗਰਾਮ ਨੂੰ ਸਮ ਅੱਪ ਕਰਦੇ ਹਨ । ਉਹ ਬਹੁਤ ਸ਼ਿੱਦਤ ਨਾਲ ਸਾਰਾ ਪ੍ਰੋਗਰਾਮ ਸੁਣਦੇ ਹਨ ਅਤੇ ਫਿਰ ਸੱਭ ਦੀਆਂ ਰਚਨਾਵਾਂ ਦੇ ਬਾਰੇ ਆਪਣੇ ਬੇਸ਼ਕੀਮਤੀ ਪ੍ਰਭਾਵ ਪੇਸ਼ ਕਰਦੇ ਹਨ ।
ਰਮਿੰਦਰ ਰੰਮੀ ਨੇ ਫਿਰ ਸੱਭ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਰੀ ਪ੍ਰਬੰਧਕੀ ਟੀਮ ਆਪਣਾ ਪੂਰਾ ਸਹਿਯੋਗ ਕਰ ਰਹੀ ਹੈ । ਪ੍ਰੋਗਰਾਮ ਵੀ ਸਫ਼ਲ ਉਹੀ ਹੁੰਦੇ ਹਨ , ਜਿੱਥੇ ਮਿਲਕੇ ਟੀਮ ਮੈਂਬਰਜ਼ ਕੰਮ ਕਰਦੇ ਹਨ ।ਇਸ ਤਰਾਂ ਅਧਿਆਪਕ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ( ਕਾਵਿ ਮਿਲਣੀ ) ਵੈਬੀਨਾਰ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ । ਜਿਸ ਵਿੱਚ ਸੰਸਾਰ ਭਰ ਵਿੱਚੋਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਾਮੂਲੀਅਤ ਕੀਤੀ । ਧੰਨਵਾਦ ਸਹਿਤ ।
" ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ "
ਰਮਿੰਦਰ ਰੰਮੀ ਨੇ ਇਹ ਕਹਿੰਦਿਆਂ ਸੱਭ ਤੋਂ ਵਿਦਾ ਲਈ ।

## ਪੰਜਾਬੀ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ ਵਿਚ ਲਖਵੀਰ ਸਿੰਘ ਲੱਭਾ ਜ਼ੋਰਾਵਰ ਸਿੰਘ ਪੰਛੀ, ਮੀਤ ਪਾਣੀਪਤ ਦੇ ਗੀਤਾਂ ਦੇ ਪੋਸਟਰ ਕੀਤੇ ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਬਲਬੀਰ ਸਿੰਘ ਬੱਬੀ

ਗੋਬਿੰਦਗੜ੍ਹ 19 ਸਤੰਬਰ : ਲੋਹਾ ਨਗਰੀ ਦੀ ਕਰੀਬ 6 ਦਹਾਕੇ ਪੁਰਾਣੀ ਸਾਹਿਤਕ ਸੰਸਥਾ ਪੰਜਾਬੀ ਲਿਖਾਰੀ ਸਭਾ, ਮੰਡੀ ਗੋਬਿੰਦਗੜ੍ਹ ਦੀ ਮਹੀਨਾਵਾਰ ਮੀਟਿੰਗ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਸਭਾ ਦੇ ਪ੍ਰਧਾਨ ਉਪਕਾਰ ਸਿੰਘ ਦਿਆਲਪੁਰੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸ਼ਬਦ ' ਤਾਤੀ ਵਾਓ ਨਾ ਲਾਗਈ, ਪਾਰਬ੍ਰਹਮ ਸਰਣਾਈ ' ਨਾਲ ਹੋਈ। ਇਸ ਵਾਰ ਮੀਟਿੰਗ ਵਿਚ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋ ਅਤੇ ਉਰਦੂ ਦੇ ਸ਼ਾਇਰ ਸਰਦਾਰ ਪੰਛੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਸਰਕਤ ਕੀਤੀ। ਮੀਟਿੰਗ ਵਿਚ ਹਾਜ਼ਰੀਨ ਵੱਲੋਂ ਜ਼ੋਰਾਵਰ ਸਿੰਘ ਪੰਛੀ ਦੇ ਗੀਤ 'ਉਹਦੇ ਦੀਦਾਰ ਨੂੰ ਜਾਣਾ ' ਦੂਸਰਾ ਮੀਤ ਪਾਣੀਪਤ ਦਾ ਗੀਤ 'ਸੁਲੱਖਣੀ ਦੇ ਲਾਲ ਤੇਰੀ ਜੈ ਜੈਕਾਰ' ਅਤੇ ਲਖਬੀਰ ਸਿੰਘ ਲੱਭਾ ਦਾ ਗੀਤ 'ਫੁੱਲਾਂ ਭਰੀ ਕਿਆਰੀ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਉਪਰੰਤ ਹਾਲ ਹੀ ਵਿਚ ਆਏ ਭਿਆਨਕ ਹੜ੍ਹਾਂ ਕਾਰਨ ਕੀਮਤੀ ਜਾਨਾਂ ਗੁਆਉਣ ਵਾਲਿਆਂ ਲਈ ਅਫ਼ਸੋਸ ਪ੍ਰਗਟ ਕੀਤਾ ਗਿਆ। ਮੀਟਿੰਗ ਦੌਰਾਨ ਰਚਨਾਵਾਂ ਦੇ ਦੌਰ ਵਿਚ ਅਮਰ ਸਿੰਘ ਸੈਂਪਲਾਂ ਨੇ ਕਹਾਣੀ 'ਥਾਣੇਦਾਰੀ' ਸੁਣਾਈ, ਬਘੇਲ ਸਿੰਘ ਚੰਦਨ ਨੇ ਗੀਤ' ਛੱਡ ਬਦੀਆਂ ਤੂੰ' ਸੁਣਾਇਆ ਅਤੇ ਹਰਸ਼ ਸ਼ਰਮਾ ਨੇ ਸ਼ਾਇਰੀ ਰੰਗ ਵਿਚ ਨਜਮ ਸੁਣਾਈ। ਗੁਰਪ੍ਰੀਤ ਸਿੰਘ ਜਮਾਲਪੁਰੀ ਨੇ ਗੀਤ 'ਧੀ' ਸੁਣਾਇਆ, ਲਖਬੀਰ ਸਿੰਘ ਲੱਭਾ ਨੇ ਗੀਤ 'ਫੁੱਲਾਂ ਭਰੀ ਕਿਆਰੀ 'ਸੁਣਾਇਆ, ਜ਼ੋਰਾਵਰ ਸਿੰਘ ਪੰਛੀ ਨੇ ਗਜ਼ਲ 'ਲਹਿਰ ਡੋਬੇ ਚਨਾਬ ਦੀ' ਸੁਣਾਈ, ਮੀਤ ਪਾਣੀਪਤ ਨੇ ਗੀਤ 'ਖੁਸ਼ੀਆਂ', ਮਿਹਰ ਸਿੰਘ ਗੁਰੂ ਨੇ ਗੀਤ 'ਮੇਰੇ ਸ਼ੌਂਕ ਦਾ ਨਹੀਂ ਇਤਬਾਰ' ਅਤੇ ਜਗਜੀਤ ਸਿੰਘ ਗੁਰਮ ਨੇ ਗੀਤ 'ਅਜੇ ਮੈਂ ਗੀਤ ਲਿਖਣਾ ਹੈ, ਸਰੋਂ ਦੇ ਖਿੜਦੇ ਫੁੱਲਾਂ ਵਰਗਾ' ਸੁਣਾਇਆ। ਇਸੇ ਤਰ੍ਹਾਂ ਹੀ ਗੁਰਪ੍ਰੀਤ ਸਿੰਘ ਬੀੜ ਕਿਸ਼ਨ ਨੇ ਬਾਲ ਗੀਤ 'ਅਧਿਆਪਕ ਸਾਡੇ ਬਹੁਤ ਪਿਆਰੇ ਨੇ' ਸੁਣਾਇਆ, ਸ਼੍ਰੋਮਣੀ ਸਾਹਿਤਕਾਰ ਸਰਦਾਰ ਪੰਛੀ ਜੀ ਨੇ ਗਜ਼ਲ 'ਬਾਗ ਮੇਂ ਆ ਰਹੀ ਹੈ, ਬੂਹੇ ਕਬਾਬ' ਸੁਣਾਈ, ਵਿਦਵਾਨ ਲੇਖਕ ਲੋਕ ਨਾਥ ਸ਼ਰਮਾ ਨੇ ਲੇਖ 'ਅਧਿਆਪਕ' ਸੁਣਾਇਆ। ਸਭਾ ਦੇ ਕੋਆਰਡੀਨੇਟਰ ਸਨੇਹਇੰਦਰ ਸਿੰਘ ਮੀਲੂ ਫਰੌਰ ਨੇ ਲੇਖ 'ਸਟੇਜ ਸੈਕਟਰੀ' ਸੁਣਾਇਆ। ਇਸ ਮੌਕੇ ਪ੍ਰਸਿੱਧ ਚਿੱਤਰਕਾਰ ਹਰਪ੍ਰੀਤ ਸਿੰਘ ਨਾਜ ਨੇ 'ਸ੍ਰੀ ਗੁਰੂ ਰਾਮਦਾਸ ਜੀ ਇਤਿਹਾਸ ਸਰੋਤ ਪੁਸਤਕ' ਨੂੰ ਸਾਂਝਾ ਕੀਤਾ, ਹਰਬੰਸ ਸਿੰਘ ਰਾਏ ਨੇ ਗੀਤ 'ਰੱਬ ਦੇ ਰੰਗ' ਅਤੇ ਬਲਵੰਤ ਸਿੰਘ ਵਿਰਕ ਨੇ ਗੀਤ 'ਮਨ ਲਾ ਕੇ ਕਰ ਲਓ ਪੜ੍ਹਾਈ ਬੱਚਿਓ' ਸੁਣਾਇਆ। ਲੇਖਕ ਨੇਤਰ ਸਿੰਘ ਮੁੱਤੋਂ ਨੇ ਕਵਿਤਾ 'ਮਾਂ' ਸੁਣਾਈ ਅਤੇ ਵਿਸ਼ੇਸ਼ ਮਹਿਮਾਨ ਗੁਰਸੇਵਕ ਸਿੰਘ ਢਿੱਲੋ ਨੇ ਗੀਤ 'ਤੇਰੇ ਨਾਲੋਂ ਤਿੱਖੀ ਕਲਮ ਦੀ ਧਾਰ' ਸੁਣਾ ਕੇ ਵਾਹ-ਵਾਹ ਖੱਟੀ। ਉਪਰੰਤ ਸਭਾ ਦੇ ਪ੍ਰਧਾਨ ਉਪਕਾਰ ਸਿੰਘ ਦਿਆਲਪੁਰੀ ਨੇ ਗੀਤ 'ਅਰਦਾਸ, ਰੱਬਾ ਰੱਬਾ ਸੁਣੀ ਅਰਦਾਸ' ਸੁਣਾਇਆ। ਇਸ ਮੌਕੇ ਪੜ੍ਹੀਆਂ ਗਈਆਂ ਸਾਰੀਆਂ ਰਚਨਾਵਾਂ ਉੱਪਰ ਉਸਾਰੂ ਪੜਚੋਲ ਅਤੇ ਵਿਚਾਰ ਚਰਚਾ ਵਿਚ ਨਰਿੰਦਰ ਭਾਟੀਆ, ਪਰਮਜੀਤ ਸਿੰਘ ਧੀਮਾਨ ਅਤੇ ਤੇਜਪਾਲ ਸਿੰਘ ਮਰਜਾਰਾ ਨੇ ਹਿੱਸਾ ਲਿਆ। ਮੀਟਿੰਗ ਦੀ ਸਮੁੱਚੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਜਗਜੀਤ ਸਿੰਘ ਗੁਰਮ ਅਤੇ ਗੁਰਪ੍ਰੀਤ ਸਿੰਘ ਬੀੜ ਕਿਸ਼ਨ ਨੇ ਸਾਂਝੇ ਰੂਪ ਵਿਚ ਚਲਾਈ ਅਤੇ ਫਿਰ ਮਿਲਣ ਦੇ ਵਾਅਦੇ ਨਾਲ ਸਭਾ ਦੇ ਪ੍ਰਧਾਨ ਵੱਲੋਂ ਮੀਟਿੰਗ ਦੀ ਸਮਾਪਤੀ ਕੀਤੀ ਗਈ।

